## ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੋਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ

ਪੰਜਵੀਂ ਮੰਜ਼ਿਲ, ਬਲਾਕ ਈ, ਵਿੱਦਿਆ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8 ਮੋਹਾਲੀ (ਪੰਜਾਬ)

ਫੋਨ ਨੰ. 0172-5212367ਈਮੇਲ -meritorious.punjab@punjabeducation.gov.in


MS/38477/341(B)/2025/ 173840

Dated:-23.06.2025

## ਜਨਤਕ ਸੂਚਨਾ

ਮੈਰੀਟੋਰੀਅਸ ਸੁਸਾਇਟੀ ਦੀ ਜਨਤਕ ਸੂਚਨਾ MS/38477/341(B)/2025/155645 ਮਿਤੀ: 04.06.2025 ਰਾਹੀਂ 10 ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਲਈ ਕਾਉਂਸਲਿੰਗ ਮਿਤੀ:10/06/2025, 12/06/2025, 13/06/2025 ਅਤੇ 16/06/2025 ਨੂੰ ਕਰਵਾਈ ਗਈ ਸੀ। ਇਸ ਕਾਉਂਸਲਿੰਗ ਵਿੱਚ ਜਿਨ੍ਹਾਂ ਵਿਦਿਆਰਥੀਆਂ ਨੂੰ ਕਾਉਂਸਲਿੰਗ ਦੌਰਾਨ ਵੱਖ-ਵੱਖ ਮੈਰੀਟੋਰੀਅਸ ਸਕੂਲਾਂ ਵਿੱਚ ਸੀਟਾਂ ਅਲਾਟ ਕੀਤੀਆਂ ਗਈਆਂ ਹਨ, ਉਨ੍ਹਾਂ ਵਿੱਚੋਂ ਕੁੱਝ ਵਿਦਿਆਰਥੀਆਂ ਨੇ ਅਜੇ ਤੱਕ ਅਲਾਟ ਹੋਏ ਸਕੂਲਾਂ ਵਿੱਚ ਹਾਜਰੀ ਨਹੀਂ ਦਿੱਤੀ। ਅਜਿਹੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ:25/06/2025 ਸਵੇਰੇ 9:00 ਵਜੇ ਤੱਕ ਹਰ ਹਾਲਤ ਵਿੱਚ ਆਪਣੇ ਅਲਾਟ ਹੋਏ ਸਕੂਲ ਵਿੱਚ ਰਿਪੋਰਟ ਕਰਨਾਂ ਯਕੀਨੀ ਬਣਾਉਣ। ਜੇਕਰ ਉਨ੍ਹਾਂ ਵੱਲੋਂ ਮਿਤੀ:25/06/2025 ਤੱਕ ਅਲਾਟ ਕੀਤੇ ਸਕੂਲ ਵਿੱਚ ਰਿਪੋਰਟ ਨਹੀਂ ਕੀਤਾ ਜਾਂਦਾ ਤਾਂ ਇਹ ਸਮਝਿਆ ਜਾਵੇਗਾ ਕਿ ਸੰਬੰਧਤ ਵਿਦਿਆਰਥੀ ਮੈਰੀਟੋਰੀਅਸ ਸਕੂਲ ਵਿੱਚ ਦਾਖਲਾ ਨਹੀਂ ਲੈਣਾ ਚਾਹੁੰਦਾ ਅਤੇ ਉਸ ਨੂੰ ਅਲਾਟ ਹੋਈ ਸੀਟ ਖਾਲੀ ਸਮਝ ਲਈ ਜਾਵੇਗੀ। ਇਸ ਸਥਿਤੀ ਵਿੱਚ ਮੈਰਿਟ ਲਿਸਟ ਵਿੱਚੋਂ ਅਗਲੇ ਉਮੀਦਵਾਰ ਨੂੰ ਦਾਖਲੇ ਹਿੱਤ ਵਿਚਾਰ ਲਿਆ ਜਾਵੇਗਾ। ਜਿਹੜੇ ਵਿਦਿਆਰਥੀ ਮਿਤੀ:25/06/2025 ਤੱਕ ਵੀ ਰਿਪੋਰਟ ਨਹੀਂ ਕਰਦੇ, ਅਜਿਹੇ ਵਿਦਿਆਰਥੀਆਂ ਦਾ ਮੈਰੀਟੋਰੀਅਸ ਸਕੂਲ ਵਿੱਚ ਦਾਖਲੇ ਲਈ ਕਲੇਮ ਖਤਮ ਹੋ ਜਾਵੇਗਾ ਅਤੇ ਉਸ ਨੂੰ ਭਵਿੱਖ ਵਿੱਚ ਕਦੇ ਵੀ ਇਸ ਲਈ ਦੁਬਾਰਾ ਨਹੀਂ ਵਿਚਾਰਿਆ ਜਾ ਸਕੇਗਾ। ਇਸ ਤਰ੍ਹਾਂ ਖਾਲੀ ਹੋਈਆਂ ਸੀਟਾਂ ਵਿਰੁੱਧ ਦੂਜੀ ਕਾਉਂਸਲਿੰਗ ਵਿੱਚ ਵਿਦਿਆਰਥੀਆਂ ਨੂੰ ਮੌਕਾ ਦਿੱਤਾ ਜਾਵੇਗਾ।

ਸਹਾਇਕ ਪ੍ਰੋਜੈਕਟ ਡਾਇਰੈਕਟਰ

ਮੈਰੀਟੋਰੀਅਸ ਸੁਸਾਇਟੀ।